# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

# ਪ੍ਰੈਸ ਨੋਟ

ਚੰਡੀਗੜ੍ਹ, 20 ਅਗਸਤ :-ਯੂ.ਟੀ ਪ੍ਰਸ਼ਾਸਕ ਦੇ ਸਲਾਹਕਾਰ ਸ਼੍ਰੀ ਪ੍ਰਦੀਪ ਮਹਿਰਾ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਰਾਜ਼ੀਵ ਗਾਂਧੀ ਦੇ ਜਨਮ ਦਿਨ ਦੇ ਮੌਕੇ ਤੇ ਯੂ.ਟੀ ਸਕੱਤਰੇਤ ਸੈਕਟਰ 9 ਵਿਚ ਸਹੁ ਚੁਕਾਉ ਰਸਮ ਦਾ ਆਯੋਜਨ ਕੀਤਾ। ਪ੍ਰੋਗਰਾਮ ਦੇ ਦੌਰਾਨ ਸ਼੍ਰੀ ਮਹਿਰਾ ਨੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਜਾਤੀ, ਸੰਪਰਦਾਇ, ਖੇਤਰ, ਧਰਮ ਅਤੇ ਭਾਸ਼ਾ ਦਾ ਭੇਦ ਭਾਵ ਕੀਤੇ ਬਿਨਾਂ ਸਾਰੇ ਭਾਰਤ ਵਾਸੀਆਂ ਦੀ ਭਾਵਾਤਮਕ ਏਕਤਾ ਅਤੇ ਸਦਭਾਵਨਾ ਦੇ ਲਈ ਕੰਮ ਕਰਨ ਦੀ ਸਹੁ ਚੁਕਾਈ। ਇਸ ਦੇ ਨਾਲ ਹੀ ਉਹਨਾਂ ਨੇ ਕਰਮਚਾਰੀਆਂ ਨੂੰ ਹਿੰਸਾ ਦਾ ਸਹਾਰਾ ਲਏ ਬਿਨਾਂ ਸਾਰੇ ਮਤਭੇਦ ਗੱਲਬਾਤ ਅਤੇ ਸੰਵਿਧਾਨਕ ਤਰੀਕੇ ਨਾਲ ਸੁਲਝਾਉਣ ਦੀ ਸਹੁ ਚੁਕਾਈ।

ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਰਾਜ਼ੀਵ ਗਾਂਧੀ ਦੇ ਜਨਮ ਦਿਨ ਦੇ ਮੌਕੇ ਤੇ ਸਾਰੇ ਰਾਸ਼ਟਰ ਵਿਚ ਸਦਭਾਵਨਾ ਦਿਵਸ ਅਤੇ ਰਾਜ਼ੀਵ ਗਾਂਧੀ ਅਕਸ਼ੈ ਊਰਜ਼ਾ ਦਿਵਸ ਮਨਾਇਆ ਜਾਦਾ ਹੈ। ਸੌਂਹ ਚੁਕਾਉ ਰਸਮ ਦੌਰਾਨ ਵਿੱਤ ਸਕੱਤਰ ਸ਼੍ਰੀ ਸੰਜ਼ੇ ਕੁਮਾਰ, ਸੰਯੁਕਤ ਵਿੱਤ ਸਕੱਤਰ ਸ਼੍ਰੀ ਭੁਪਿੰਦਰ ਸਿੰਘ, ਚੀਫ ਇੰਜੀਨੀਅਰ ਸ਼੍ਰੀ ਸੁਰਿੰਦਰ ਪਾਲ, ਚੀਫ ਆਰਕੀਟੈਕਟ ਸ਼੍ਰੀਮਤੀ ਸੁਮਿਤ ਕੌਰ, ਸੀਨੀਅਰ ਟਾਊਨ ਪਲੈਨਰ ਸ਼੍ਰੀਮਤੀ ਮਨਜੀਤ ਕੌਰ ਅਤੇ ਹੋਰ ਸੀਨੀਅਰ ਅਫਸਰ ਸ਼ਾਮਿਲ ਹੋਏ।